**ਦਫਤਰ ਜਿਲਾ ਸਿੱਖਿਆ ਅਫਸਰ(ਸੈ:ਸਿ:) ਅੰਮ੍ਰਿਤਸਰ।**

ਵੱਲ,

ਪ੍ਰਿੰਸੀਪਲ/ਮੁੱਖਅਧਿਆਪਕ,
ਸਸਸਸ/ਸਹਸ/ਸਮਿਸ,ਪ੍ਰਾਈਵੇਟ,
ਏਡਿਡ,ਮਾਨਤਾ ਪ੍ਰਾਪਤ,
ਜਿਲਾ ਅੰਮ੍ਰਿਤਸਰ।

ਪੱਤਰ ਨੰ: ਜੀ-4/2017 : 405-06
ਮਿਤੀ ਅੰਮ੍ਰਿਤਸਰ। : 26/4/17

ਵਿਸ਼ਾ: ਰਾਜ ਦੇ ਸਮੂਹ ਸਕੂਲਾਂ ਵਿਚ ਪੜਦੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵ ਬਾਰੇ ਜਾਣੂ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਦਾ ਹੈ ਕਿ ਪੰਜਾਬ ਵਿਚ ਨੌਜਵਾਨਾਂ ਵਿਚ ਨਸ਼ਿਆਂ ਦੇ ਰੁਝਾਨ ਵਿਚ ਵਾਧਾ ਹੋ ਰਿਹਾ ਹੈ ਜੋ ਕਿ ਸਭਿਅਕ ਸਮਾਜ ਲਈ ਚਿੰਤਾਂ ਦਾ ਵਿਸ਼ਾ ਹੈ।ਉਪਰੋਕਤ ਨੂੰ ਮੁੱਖ ਰਖਦਿਆਂ ਹੋਇਆ ਪੰਜਾਬ ਵਿਚ ਨਸ਼ਿਆਂ ਨੂੰ ਠੱਲ ਪਾਉਣ ਲਈ ਸਕੂਲਾਂ ਵਿਚ ਪੜਦੇ ਬੱਚਿਆਂ ਨੂੰ ਇਸ ਸਬੰਧੀ ਜਾਗਰੂਕ ਕੀਤਾ ਜਾਵੇ। ਸਵੇਰ ਦੀ ਸਭਾ ਵਿਚ ਵਿਦਿਆਰਥੀਆਂ ਨੂੰ ਨਸ਼ੇ ਦੇ ਬੁਰੇ ਪ੍ਰਭਾਵ ਸਬੰਧੀ ਜਾਗਰੂਕ ਕੀਤਾ ਜਾਵੇ। ਸਕੂਲ ਮੁਖੀ ਆਪਣੀ ਸਮਰੱਥਾ ਅਨੁਸਾਰ ਸਕੂਲ ਵਿਚ ਕਿਸੇ ਡਾਕਟਰ ਪ੍ਰੋਫੈਸਰ(ਕਾਲਜ/ ਯੂਨੀਵਰਸਿਟੀ) ਨਸ਼ਿਆਂ ਵਿਰੁੱਧ ਕੰਮ ਕਰ ਰਹੇ ਸਮਾਜ ਸੇਵਕਾਂ ਵਿਚੋਂ ਕਿਸੇ ਇੱਕ ਨੂੰ ਲੈਕਚਰ ਦੇਣ ਲਈ ਬੁਲਾ ਸਕਦੇ ਹਨ।ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਲਈ ਹੇਠ ਲਿਖੇ ਅਨੁਸਾਰ ਕਾਰਜ ਕਰਵਾਏ ਜਾ ਸਕਦੇ ਹਨ।

1. ਨਸ਼ਿਆਂ ਵਿਰੁੱਧ ਪੋਸਟਰ ਬਣਾਉਣ ਦੇ ਮੁਕਾਬਲੇ ਕਰਾਉਣੇ।
2. ਨਸ਼ਿਆਂ ਵਿਰੁੱਧ ਨਾਅਰੇ ਸਿਰਜਣੇ ਅਤੇ ਨਾਅਰਿਆਂ ਨੂੰ ਕਲਾਤਮਿਕ ਤਰੀਕੇ ਨਾਲ ਲਿਖਣਦੇ ਮੁਕਾਬਲੇ ਕਰਾਉਣੇ।
3. ਨਸ਼ਿਆਂ ਵਿਰੁੱਧ ਪੋਸਟਰ ਬਣਾਉਣ ਦੇ ਮੁਕਾਬਲੇ ਕਰਾਉਣੇ।
4. ਸਵੇਰ ਦੀ ਸਭਾ ਉਪਰੰਤ ਸਮੂਹ ਸਕੂਲਾਂ ਵਲੋਂ ਨਸ਼ਿਆਂ ਵਿਰੁੱਧ ਰੈਲੀਆਂ ਕੱਢੀਆਂ ਜਾ ਸਕਦੀਆਂ ਹਨ। ਜਿਹੜੀਆਂ ਪਿੰਡਾਂ ਦੀਆਂ ਗਲੀਆਂ ਵਿਚੋਂ ਹੋ ਕਿ ਸਕੂਲਾਂ ਵਿਚ ਵਾਪਿਸ ਮੁੜਨਗੀਆਂ ਅਤੇ ਇਸੇ ਤਰਾਂ ਸ਼ਹਿਰਾਂ ਦੇ ਸਕੂਲਾਂ ਵਿਚ ਸਕੂਲਾਂ ਦੇ ਨੇੜੇ ਨੇੜੇ ਦੇ ਇਲਾਕਿਆਂ ਵਿਚ ਰੈਲੀਆਂ ਕੱਢੀਆ ਜਾਣਗੀਆਂ ਇਹਨਾਂ ਰੈਲੀਆਂ ਵਿਚ ਨਸ਼ਿਆਂ ਵਿਰੁੱਧ ਬੈਨਰਾਂ ਤੋਂ ਇਲਾਵਾ ਬੱਚਿਆਂ ਵਲੋਂ ਬਣਾਏ ਗਏ ਨਾਅਰੇ ਅਤੇ ਪੇਟਿੰਗ ਵਗੈਰਾ ਨੂੰ ਤਖਤੀਆਂ ਤੇ ਚਿਪਕਾ ਕਿ ਰੈਲੀਆਂ ਵਿਚ ਲਿਜਾਇਆ ਜਾ ਸਕਦਾ ਹੈ। ਇਹਨਾਂ ਰੈਲੀਆਂ ਵਿਚ ਅਧਿਆਪਕਾਂ ਵਲੋਂ ਬੱਚਿਆਂ ਤੋਂ ਨਸ਼ਿਆਂ ਵ੍ਰਿੱਧ ਨਾਅਰੇ ਲਗਵਾਏ ਜਾਣ ਤਾਂ ਜੋ ਰਾਜ ਵਿਚ ਨਸ਼ਿਆਂ ਵ੍ਰਿੱਧ ਮਾਹੌਲ ਸਿਰਜਿਆ ਜਾ ਸਕੇ।ਇਹ ਰੈਲੀਆਂ ਸਵੇਰ ਦੀ ਸਭਾ ਦੇ ਖਤਮ ਹੋਣ ਤੋਂ ਬਾਅਦ 2 ਘੰਟੇ ਦੇ ਸਮੇਂ ਦੇ ਅੰਦਰ-ਅੰਦਰ ਕੀਤੀਆ ਜਾਣ ਅਤੇ ਇਸ ਦੋ ਘੰਟੇ ਦੇ ਸਮੇਂ ਉਪਰੰਤ ਸਕੂਲ ਆਮ ਵਾਂਗ ਖੁਲੇਗਾ

(ਦਸਤਖਤ) 26/4/17
ਜਿਲਾ ਸਿੱਖਿਆ ਅਫਸਰ(ਸੈ:ਸਿ:)
ਅੰਮ੍ਰਿਤਸਰ।

ਪਿਠ ਓਂਕਨ ਨੰ: ਉਕਤ 25/4/17

ਉਪਰੋਕਤ ਦਾ ਉਤਾਰਾ ਡਾਇਰੈਕਟਰ ਜਨਰਲ ਸਕੂਲ ਸਿੱਖਿਆ -ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਜੀ ਨੂੰ ਸੂਚਨਾਂ ਹਿਤ ਭੇਜਿਆ ਜਾਦਾ ਹੈ।

(ਦਸਤਖਤ)
ਜਿਲਾ ਸਿੱਖਿਆ ਅਫਸਰ(ਸੈ:ਸਿ:)
ਅੰਮ੍ਰਿਤਸਰ।